CIVIL RIGHTS
NJ Division on Civil Rights

LPS
Department of Law and Public Safety

the Sikh Coalition
the voice of a people

# ਤੱਥ ਪੱਤਰ

# ਨਸਲੀ ਵਿਤਕਰਾ—ਤੁਹਾਡੇ ਅਧਿਕਾਰ

## ਨਿਊ ਜਰਸੀ ਕਾਨੂੰਨ, ਨਸਲੀ ਵਿਤਕਰੇ ਬਾਰੇ ਕੀ ਕਹਿੰਦਾ ਹੈ?

ਤੁਹਾਡੇ ਨਾਲ ਤੁਹਾਡੀ ਜਾਤ, ਰੰਗ ਜਾਂ ਕੌਮੀ ਮੂਲ ਕਰਕੇ ਰੋਜ਼ਗਾਰ 'ਚ, ਜਨਤਕ ਰਿਹਾਇਸ਼ ਦੀ ਥਾਂ 'ਤੇ ਅਤੇ ਘਰ-ਬਾਰ ਕਰਕੇ ਵਿਤਕਰਾ ਨਾ ਹੁੰਦਾ ਹੋਵੇ।

ਇਹ ਕਾਨੂੰਨ ਦੇ ਖਿਲਾਫ ਹੈ ਜੇਕਰ ਕੋਈ ਮਾਲਕ, ਜਨਤਕ ਰਿਹਾਇਸ਼ ਦੀ ਥਾਂ ਜਾਂ ਘਰ ਦੇਣ ਵਾਲਾ ਤੁਹਾਡੇ ਨਾਲ ਤੁਹਾਡੇ ਰੰਗ, ਨਸਲ ਜਾਂ ਕੌਮੀ ਮੂਲ ਕਰਕੇ ਕੋਈ ਵਖਰੇਵਾ ਜਾਂ ਵਿਤਕਰੇ ਵਾਲਾ ਵਿਹਾਰ ਕਰੇ।

### ਕੰਮ-ਕਾਰ 'ਤੇ:

ਤੁਹਾਨੂੰ ਹੱਕ ਹੈ ਕਿਸੇ ਵੀ ਨੌਕਰੀ, ਸਿਖਾਂਦਰੂਪੁਣਾ ਜਾਂ ਸਿਖਿਆਰਥੀ ਲਈ ਦਰਖ਼ਾਸਤ ਦੇਵੋ, ਅਤੇ ਕਿਸੇ ਵੀ ਰੋਜ਼ਗਾਰ ਲਈ ਤੁਹਾਨੂੰ ਬਰਾਬਰੀ ਦਾ ਮੌਕਾ ਦਿੱਤਾ ਜਾਵੇ, ਭਾਵੇਂ ਤੁਹਾਡੀ ਕੋਈ ਵੀ ਨਸਲ, ਰੰਗ ਜਾਂ ਕਿਸੇ ਵੀ ਮੁਲਕ ਨਾਲ ਤੁਸੀਂ ਸਬੰਧਿਤ ਹੋਵੋ। ਤੁਹਾਡੇ ਨਾਲ ਵਿਤਕਰਾ ਨਾ ਕੀਤਾ ਜਾਵੇ :

- ਜਦੋਂ ਤੁਸੀਂ ਕਿਸੀ ਨੌਕਰੀ ਲਈ ਦਰਖ਼ਾਸਤ ਕਰਦੇ ਹੋ।
- ਤੁਹਾਡੇ ਰੋਜ਼ਗਾਰ ਦੇ ਦੌਰਾਨ।
- ਤੁਹਾਨੂੰ ਨੌਕਰੀ ਤੋਂ ਕੱਢੇ ਜਾਣ ਸਮੇਂ।

ਲੇਬਰ ਯੂਨੀਅਨ (ਮਜ਼ਦੂਰ ਸੰਘ) ਦਾਖ਼ਲੇ, ਸਿਖਲਾਈ ਪ੍ਰੋਗਰਾਮ ਜਾਂ ਯੂਨੀਅਨ ਦੀ ਕਿਸੀ ਹੋਰ ਸੇਵਾ ਲਈ ਕਿਸੇ ਵਿਅਕਤੀ ਦੇ ਰੰਗ, ਨਸਲ ਜਾਂ ਕੌਮੀ ਮੂਲ ਕਰਕੇ ਵਿਤਕਰਾ ਨਾ ਕਰੇ।

ਇਹ ਕਾਨੂੰਨ ਦੇ ਵਿਰੁੱਧ ਹੈ ਜੇਕਰ ਕੋਈ ਮਾਲਕ ਅਤੇ/ਜਾਂ ਰੋਜ਼ਗਾਰ ਏਜੰਸੀ ਕੋਈ ਇਸ਼ਤਿਹਾਰ ਛਾਪੇ, ਪ੍ਰਕਾਸ਼ਿਤ ਕਰੇ ਜਾਂ ਪ੍ਰਚਾਰ ਕਰੇ ਜਿਸ ਵਿਚ ਇਹ ਸਪਸ਼ਟ ਹੋਵੇ ਕਿ ਕਿਸੇ ਵਿਅਕਤੀ ਦੇ ਰੰਗ, ਨਸਲ ਜਾਂ ਉਸਦੇ ਕੌਮੀ ਮੂਲ ਨੂੰ ਤਰਜੀਹ ਦਿੱਤੀ ਗਈ ਹੋਵੇ:

- ਰੋਜ਼ਗਾਰ ਸਬੰਧੀ
- ਕੰਮ-ਕਾਜ ਦੇ ਅਵਸਰ ਸਬੰਧੀ
- ਯੂਨੀਅਨ ਦੀ ਮੈਂਬਰੀ ਸਬੰਧੀ
- ਸਿਖਾਂਦਰੂਪੁਣਾ ਪ੍ਰੋਗਰਾਮ ਸਬੰਧੀ
- ਨੌਕਰੀ ਸਿਖਲਾਈ ਪ੍ਰੋਗਰਾਮ ਸਬੰਧੀ

ਐਸੀ ਕੋਈ ਕਾਰਵਾਈ, ਵਿਤਕਰੇ ਖਿਲਾਫ ਨਿਊ ਜਰਸੀ ਕਾਨੂੰਨ ਐਨ.ਜੇ.ਐਸ.ਏ.੧੦:੫-੧ ਏਟ. ਸੇਕ. ਦੀ ਉਲੰਘਣਾ ਹੈ।

### ਜਨਤਕ ਰਿਹਾਇਸ਼ ਲਈ:

ਇਹ ਕਾਨੂੰਨ ਦੇ ਵਿਰੁੱਧ ਹੈ ਜੇਕਰ ਕਿਸੇ ਵਿਅਕਤੀ ਨੂੰ ਕੋਈ ਜਨਤਕ ਰਿਹਾਇਸ਼ ਦਿੱਤੇ ਜਾਣ ਸਮੇਂ ਉਸਦੇ ਰੰਗ, ਨਸਲ ਜਾਂ ਕੌਮੀ ਮੂਲ ਕਰਕੇ ਵਿਤਕਰਾ ਕੀਤਾ ਜਾਵੇ, ਜਦੋਂ ਕਿ ਉਸਦੀ ਵਰਤੋਂ ਜਾਂ ਖ਼ਰੀਦ ਆਦਿ ਆਮ ਜਨਤਾ ਲਈ ਖੁਲੀ ਹੋਵੇ, ਜਿਵੇਂ ਕਿ:

- ਹੋਟਲਾਂ ਵਿਚ
- ਰੇਸਤਰਾਂ ਵਿਚ
- ਜਨਤਕ ਪਰਿਵਾਹਨ ਵਿਚ
- ਸਿਨਮਾਂ ਘਰਾਂ ਤੇ ਹੋਰ ਮੰਨੋਰੰਜਨ ਦੀਆਂ ਥਾਵਾਂ ਉਤੇ
- ਬੈਂਕਾਂ ਵਿਚ
- ਪੇਸ਼ੇਵਰ ਦਫ਼ਤਰਾਂ ਵਿਚ
- ਰਾਜ ਤੇ ਸਥਾਨਕ ਦਫ਼ਤਰਾਂ ਵਿਚ
- ਦੁਕਾਨਾਂ ਵਿਚ

ਇਹ ਤੁਹਾਡਾ ਹੱਕ ਹੈ ਕਿ ਤੁਹਾਨੂੰ ਸਾਰਾ ਸਮਾਨ ਅਤੇ ਸੇਵਾਵਾਂ ਉਸੇ ਤਰ੍ਹਾਂ ਮਿਲਣ ਜਿਵੇਂ ਹੋਰਨਾਂ ਨੂੰ। ਤੁਹਾਡੇ ਨਾਲ ਇਹ ਨਹੀਂ ਕੀਤਾ ਜਾ ਸਕਦਾ ਕਿ :

- ਤੁਹਾਡੇ ਰੰਗ, ਨਸਲ ਜਾਂ ਕੌਮੀ ਮੂਲ ਕਰਕੇ ਤੁਹਾਨੂੰ ਸੇਵਾਵਾਂ ਤੋਂ ਇਨਕਾਰ ਕੀਤਾ ਜਾਏ।
- ਤੁਹਾਡੇ ਰੰਗ, ਨਸਲ ਜਾਂ ਕੌਮੀ ਮੂਲ ਕਰਕੇ ਤੁਹਾਨੂੰ ਵਾਪਸ ਮੋੜ ਦਿਤਾ ਜਾਏ।
- ਤੁਹਾਡੇ ਰੰਗ, ਨਸਲ ਜਾਂ ਕੌਮੀ ਮੂਲ ਕਰਕੇ ਤੁਹਾਨੂੰ ਕਿਸੇ ਥਾਂ ਲਈ ਦੂਜੇ ਲੋਕਾਂ ਦੇ ਮੁਕਾਬਲੇ ਜ਼ਿਆਦਾ ਭੁਗਤਾਉਨ ਕਰਨਾ ਪਵੇ ਜਾਂ ਕਿਸੇ ਮੁਸ਼ਕਿਲ ਸ਼ਰਤ ਜਾਂ ਮਿਆਰ 'ਤੇ ਪੂਰਾ ਉਤਰਨ ਲਈ ਕਿਹਾ ਜਾਏ।

### ਘਰ ਲਈ:

ਇਹ ਕਾਨੂੰਨ ਦੇ ਵਿਰੁੱਧ ਹੈ ਕਿ ਕੋਈ ਵੀ ਮਾਲਕ, ਅਚਲ ਸੰਪਤੀ ਏਜੰਟ, ਵੇਚਣ ਵਾਲੇ ਜਾਂ ਉਸਦੇ ਮੁਲਾਜ਼ਮ:

- ਕਿਸੇ ਵਿਅਕਤੀ ਜਾਂ ਸਮੂਹ ਦੇ ਰੰਗ, ਨਸਲ ਜਾਂ ਕੌਮੀ ਮੂਲ ਕਰਕੇ ਕਿਸੇ ਸੰਪਤੀ ਨੂੰ ਵੇਚਣ, ਕਿਰਾਏ ਜਾਂ ਪੱਟੇ 'ਤੇ ਦੇਣ ਜਾਂ ਇਸ ਦੇ ਬਾਬਤ ਕੋਈ ਸੌਦਾ ਕਰਨ ਤੋਂ ਇਨਕਾਰ ਕਰੇ।
- ਕਿਸੇ ਵਿਅਕਤੀ ਦੇ ਰੰਗ, ਨਸਲ ਜਾਂ ਕੌਮੀ ਮੂਲ ਕਰਕੇ ਕਿਸੇ ਸੰਪਤੀ ਨੂੰ ਵੇਚਣ, ਕਿਰਾਏ ਜਾਂ ਪੱਟੇ 'ਤੇ ਦੇਣ ਲਈ ਸੰਪਤੀ ਨਾਲ ਸਬੰਧਿਤ ਸਾਮਾਨ ਤੇ ਸੇਵਾਵਾਂ ਬਾਰੇ ਵਿਤਕਰਾ ਕਰੇ।
- ਕਿਸੇ ਵੀ ਸੰਪਤੀ ਦੇ ਵੇਚਣ, ਕਿਰਾਏ ਜਾਂ ਪੱਟੇ 'ਤੇ ਦੇਣ ਬਾਬਤ ਕੋਈ ਇਸ਼ਤਿਹਾਰ ਜਾਂ ਦਰਖ਼ਾਸਤ ਦੇਵੇ ਜਾਂ ਪੁਛ-ਗਿਛ ਕਰੇ ਜਿਸ ਨਾਲ ਕਿ ਰੰਗ, ਨਸਲ ਜਾਂ ਕੌਮੀ ਮੂਲ ਕਰਕੇ ਕੋਈ ਪਾਬੰਦੀ, ਵਿਸ਼ੇਸ਼ ਵਿਵਰਨ ਜਾਂ ਵਿਤਕਰਾ ਪ੍ਰਤੀਤ ਹੋਵੇ।

ਇਹ ਵੀ ਕਾਨੂੰਨ ਦੇ ਵਿਰੁੱਧ ਹੈ ਕਿ:

- ਜੇਕਰ ਕੋਈ ਵਿਅਕਤੀ, ਬੈਂਕ, ਬੈਂਕਿੰਗ ਸੰਸਥਾ, ਮਾਰਟਗੇਜ ਕੰਪਨੀ, ਬੀਮਾ ਨਿਗਮ ਜਾਂ ਕੋਈ ਹੋਰ ਵਿੱਤ ਸੰਸਥਾ (ਜਿਥੇ ਤੁਸੀਂ ਕਿਸੇ ਸੰਪਤੀ ਦੀ ਖ਼ਰੀਦ, ਉਸਾਰੀ ਜਾਂ ਸੁਧਾਰ ਲਈ ਕਰਜ਼ੇ ਦੀ ਦਰਖ਼ਾਸਤ ਕਰੋ), ਤੁਹਾਡੇ ਨਾਲ ਰੰਗ, ਨਸਲ ਜਾਂ ਕੌਮੀ ਮੂਲ ਕਰਕੇ ਵਿਤਕਰਾ ਕਰੇ। ਇਹ ਵਿੱਤ ਸੰਸਥਾਵਾਂ ਭਾਵੇਂ ਤੁਹਾਨੂੰ ਕਰਜ਼ਾ, ਉਧਾਰ ਜਾਂ ਵਿੱਤੀ ਸਹਾਇਤਾ ਦੀ

ਗਰਾਂਟ ਦੇਣ, ਰੋਕ ਲਾਉਣ, ਕੀਮਤ ਲਾਉਣ, ਤਰਮੀਮ ਕਰਨ ਜਾਂ ਬਹਾਲ ਕਰਨ ਸਮੇਂ ਜਾਂ ਦਰਖ਼ਾਸਤ ਕਰਨ ਦੇ ਸਮੇਂ ਕੋਈ ਵਿਤਕਰਾ ਨਾ ਕਰੇ।

- ਅਚਲ ਸੰਪਤੀ ਏਜੰਟ, ਵੇਚਣ ਵਾਲੇ ਜਾਂ ਉਹਨਾਂ ਦੇ ਮੁਲਾਜ਼ਮ ਜਦੋਂ ਤੁਹਾਨੂੰ ਸੰਪਤੀ ਵੇਚਣ ਲਗਿਆਂ ਇਹ ਸੰਕੇਤ ਦੇਣ ਕਿ ਰੰਗ, ਨਸਲ ਜਾਂ ਕੌਮੀ ਮੂਲ ਕਰਕੇ ਆਂਢ-ਗੁਆਂਢ ਤਬਦੀਲ ਹੋ ਗਿਆ ਹੈ। ਇਸ ਦੇ ਨਾਲ ਹੀ ਵੇਚਣ ਵਾਲਾ ਇਹ ਨਾ ਦੱਸੇ ਕਿ ਇਸ ਤਬਦੀਲੀ ਕਰਕੇ ਅਣਚਾਹੇ ਸਿੱਟੇ ਨਿਕਲੇ ਹਨ ਜਾਂ ਨਿਕਲ ਸਕਦੇ ਹਨ ਜਿਵੇਂ ਕਿ ਸੰਪਤੀ ਦਾ ਮੁੱਲ ਘੱਟਣਾ, ਜ਼ੁਰਮ ਅਤੇ ਗ਼ੈਰ-ਸਮਾਜਿਕ ਵਤੀਰੇ ਵਿਚ ਵਾਧਾ ਜਾਂ ਸਕੂਲਾਂ ਤੇ ਹੋਰਨਾਂ ਜਨਤਕ ਸੇਵਾਵਾਂ ਦੇ ਸਰੂਪ ਵਿੱਚ ਪਤਨ।
- ਸਟੇਟ ਆੱਫ ਨਿਊ ਜਰਸੀ ਦੇ ਅਖ਼ਬਾਰਾਂ ਵੱਲੋਂ ਕੋਈ ਇਸ਼ਤਿਹਾਰ ਦਿੱਤਾ ਜਾਏ ਜੋ ਕਿ ਕਿਸੇ ਸੰਪਤੀ ਦੀ ਖ਼ਰੀਦ, ਕਿਰਾਏ ਜਾਂ ਪੱਟੇ 'ਤੇ ਦੇਣ ਸਬੰਧੀ ਕੋਈ ਪਾਬੰਦੀ, ਸਪਸ਼ਟਤਾ ਜਾਂ ਪੱਖਪਾਤ ਵਾਲਾ ਹੋਏ।

## ਤੁਹਾਡੇ ਵੱਲੋਂ ਚੁੱਕੇ ਜਾਣ ਵਾਲੇ ਕਦਮ:

ਇਸ ਤੱਥ-ਪੱਤਰ ਨੂੰ ਗਹੁ ਨਾਲ ਪੜ੍ਹੋ ਕਿ ਜੋ ਕੁਝ ਤੁਹਾਡੇ ਨਾਲ ਹੋਇਆ, ਉਹ ਕਾਨੂੰਨ ਦੇ ਵਿਰੁੱਧ ਤਾਂ ਨਹੀਂ। ਜੇ ਤੁਸੀਂ ਇਸ ਬਾਰੇ ਨਿਸ਼ਚਿਤ ਨਹੀਂ, ਤਾਂ ਆਪਣੇ ਅਧਿਕਾਰਾਂ ਬਾਰੇ ਜਾਨਣ ਹੋਣ ਲਈ ਸਾਨੂੰ ਫੋਨ ਕਰੋ ਜਾਂ ਮਿਲੋ।

ਜੇਕਰ ਇੰਝ ਨਾ ਹੋ ਸਕੇ ਜਾਂ ਉਚਿਤ ਨਾ ਲਗੇ ਅਤੇ ਤੁਹਾਡੇ ਨਾਲ ਪਿਛਲੇ ੧੮੦ ਦਿਨਾਂ (੬ ਮਹੀਨਿਆਂ 'ਚ) ਕੋਈ ਗ਼ੈਰ-ਕਾਨੂੰਨੀ ਸਲੂਕ ਕੀਤਾ ਗਿਆ ਹੋਵੇ ਤਾਂ ਤੁਸੀਂ ਆਪਣੇ ਘਰ ਦੇ ਨਜ਼ਦੀਕ ਜਾਂ ਜਿਥੇ ਵਿਤਕਰਾ ਹੋਇਆ ਹੈ, ਉਥੋਂ ਦੇ ਸਿਵਿਲ ਰਾਈਟਸ ਖੇਤਰੀ ਦਫ਼ਤਰ ਦੇ ਡਿਵੀਜ਼ਨ ਵਿਚ ਸਾਨੂੰ ਮਿਲੋ ਜਾਂ ਫ਼ੋਨ ਕਰੋ। ਸਾਡੀਆਂ ਸੇਵਾਵਾਂ ਬਿਲਕੁਲ ਮੁਫ਼ਤ ਹਨ ਅਤੇ ਸਾਡਾ ਫ਼ੋਨ ਨੰਬਰ ਤੇ ਪਤਾ ਇਸ ਤੱਥ-ਪੱਤਰ ਦੇ ਅਖ਼ੀਰ 'ਚ ਦਿੱਤਾ ਗਿਆ ਹੈ।

ਡਿਵੀਜ਼ਨ ਕੋਲ ਤੁਹਾਡੀ ਸ਼ਿਕਾਇਤ ਦੀ ਤਫ਼ਤੀਸ਼ ਕਰਨ ਦਾ ਕਾਨੂੰਨੀ ਹੱਕ ਹੈ। ਜੇਕਰ ਕਾਨੂੰਨ ਦੀ ਉਲੰਘਣਾ ਹੋਈ ਹੈ, ਤਾਂ ਸਾਨੂੰ ਉਸ ਦਾ ਨਿਪਟਾਰਾ ਕਰਨ ਦਾ ਕਾਨੂੰਨੀ ਹੱਕ ਹੈ। ਇਸ ਦਾ ਮਤਲਬ ਹੈ ਕਿ ਪਹਿਲਾਂ ਅਸੀਂ ਤੁਹਾਡੀ ਮਦਦ ਕਰਾਂਗੇ ਅਤੇ ਉਸ ਵਿਅਕਤੀ ਜਾਂ ਸੰਸਥਾ, ਜਿਸ ਦੀ ਤੁਸੀਂ ਸ਼ਿਕਾਇਤ ਕੀਤੀ ਹੈ, ਉਸ ਨਾਲ ਨਿਪਟਾਰਾ ਕੀਤਾ ਜਾਵੇਗਾ। ਤੁਹਾਡੇ ਕੇਸ ਦੀ ਹਾਲਤ 'ਤੇ ਸਮਝੌਤਾ ਨਿਰਭਰ ਕਰਦਾ ਹੈ। ਸਮਝੌਤੇ ਦੇ ਸਿੱਟੇ ਵਜੋਂ ਵਿੱਤੀ ਇਵਜ਼ਾਨਾ, ਨੌਕਰੀ ਦੇਣ 'ਤੇ ਵਿਚਾਰ, ਸੇਵਾਵਾਂ ਪ੍ਰਾਪਤ ਕਰਨ ਬਾਰੇ, ਘਰ ਪ੍ਰਾਪਤੀ ਬਾਰੇ ਅਤੇ ਇਹੋ ਜਿਹੀਆਂ ਹੋਰ ਸਹੂਲਤਾਂ ਦੀ ਪ੍ਰਾਪਤੀ ਹੋ ਸਕਦੀ ਹੈ।

ਜੇਕਰ ਤੁਹਾਡੀ ਸ਼ਿਕਾਇਤ ਦਾ ਕੋਈ ਨਿਪਟਾਰਾ ਨਹੀਂ ਹੁੰਦਾ, ਤਾਂ ਤੁਸੀਂ ਪ੍ਰਸ਼ਾਸਕੀ ਕਾਨੂੰਨ ਦੇ ਨਿਊ ਜਰਸੀ ਦੇ ਦਫ਼ਤਰ ਵਿਚ ਸੁਣਵਾਈ ਲਈ ਜਾ ਸਕਦੇ ਹੋ। ਇਸ ਕਾਰਵਾਈ ਲਈ ਸਿਵਿਲ ਰਾਈਟਸ ਡਿਵੀਜ਼ਨ ਦੇ ਡਾਇਰੈਕਟਰ ਨੂੰ ਸਲਾਹ-ਮਸ਼ਵਰਾ ਕਰਨ ਦੀ ਗੁੰਜਾਇਸ਼ ਰਖੀ ਜਾਂਦੀ ਹੈ। ਇਸ ਤੋਂ ਬਾਅਦ ਡਾਇਰੈਕਟਰ ਅੰਤਮ ਫ਼ੈਸਲਾ ਜਾਰੀ ਕਰਦਾ ਹੈ, ਜੋ ਲਾਗੂ ਹੋਣਾ ਚਾਹੀਦਾ ਹੈ।ਪਰ ਇਸ ਵਿਰੁਧ ਨਿਊ ਜਰਸੀ ਦੀ ਸੁਪੀਰੀਅਰ ਕੋਰਟ ਦੇ ਅਪੀਲਾਂ ਸੁਣਨ ਵਾਲੇ ਡਿਵੀਜ਼ਨ ਵਿਚ ਅਪੀਲ ਕੀਤੀ ਜਾ ਸਕਦੀ ਹੈ।

ਦੂਜੀ ਸੂਰਤ ਵਿਚ, ਜੇ ਤੁਸੀਂ ਨਹੀਂ ਚਾਹੁੰਦੇ ਕਿ ਡਿਵੀਜ਼ਨ ਤੁਹਾਡੀ ਸ਼ਿਕਾਇਤ ਨੂੰ ਹੱਥ ਪਾਏ, ਤਾਂ ਤੁਸੀਂ ਸਟੇਟ ਕੋਰਟ ਵਿੱਚ ਮੁਕਦਮਾ ਦਾਇਰ ਕਰ ਸਕਦੇ ਹੋ ਜਾਂ ਰੋਜ਼ਗਾਰ ਦੇ ਬਰਾਬਰ ਦੇ ਮੌਕਿਆਂ ਬਾਰੇ ਫੇਡਰਲ ਕਮੀਸ਼ਨ ਵਿੱਚ ਦਾਅਵਾ ਦਰਜ ਕਰ ਸਕਦੇ ਹੋ, ਜੇਕਰ ਤੁਹਾਡੇ ਨਾਲ ਰੋਜ਼ਗਾਰ ਵਿਚ ਪੱਖਪਾਤ ਕੀਤਾ ਗਿਆ ਹੈ। ਜੇ ਤੁਸੀਂ ਆਪਣੀ ਹਾਲਤ ਬਾਰੇ ਵਿਚਾਰ-ਵਿਮਰਸ਼ ਕਰਨਾ ਚਾਹੁੰਦੇ ਹੋ, ਤਾਂ ਹੋਰ ਜਾਣਕਾਰੀ ਲਈ ਆਪਣੇ ਘਰ ਦੇ ਨਜ਼ਦੀਕੀ ਖੇਤਰੀ (ਰਿਜੀਨਲ) ਦਫ਼ਤਰ 'ਚ ਸੰਪਰਕ ਕਰੋ।ਯਾਦ ਰਖੋ, ਜੇ ਤੁਸੀਂ ਕੋਈ ਸ਼ਿਕਾਇਤ ਕੀਤੀ ਹੈ ਤਾਂ ਤੁਹਾਡੇ ਵਿਰੁਧ ਜੁਆਬੀ ਕਾਰਵਾਈ ਕਰਨਾ, ਕਾਨੂਨ ਦੇ ਖ਼ਿਲਾਫ ਹੈ।

ਡਿਵੀਜ਼ਨ ਔਨ ਸਿਵਿਲ ਰਾਈਟਸ ਦੀ ਜ਼ਿੰਮੇਵਾਰੀ ਹੈ ਕਿ ਪੱਖਪਾਤ ਖਿਲਾਫ ਨਿਊ ਜਰਸੀ ਕਾਨੂੰਨ ਨੂੰ ਲਾਗੂ ਕੀਤਾ ਜਾਵੇ। ਵਿਤਕਰੇ ਦੀ ਸ਼ਿਕਾਇਤ ਦਰਜ ਕਰਨ ਲਈ ਨੇੜੇ ਦੇ ਡਿਵੀਜ਼ਨ ਫੀਲਡ ਆਫ਼ਿਸ 'ਚ ਸੰਪਰਕ ਕਰੋ।

### *ਹੋਰ ਜਾਣਕਾਰੀ ਲਈ*

ਕਾਨੂੰਨ ਤੇ ਜਨਤਕ ਸੁਰਖਿਆ ਵਿਭਾਗ, ਆਪਣੇ ਡਿਵੀਜ਼ਨ ਆਨ ਸਿਵਿਲ ਰਾਈਟਸ ਰਾਹੀਂ ਇਸ ਕਾਨੂੰਨ ਨੂੰ ਲਾਗੂ ਕਰਨ ਲਈ ਜ਼ਿਮੇਵਾਰ ਹੈ। ਸ਼ਿਕਾਇਤ ਦਰਜ ਕਰਨ ਲਈ ਨਜ਼ਦੀਕ ਦੇ ਆਫ਼ਿਸ 'ਚ ਪਧਾਰੋ ਜਾਂ ਸੰਪਰਕ ਕਰੋ:

**ਐਟਲਾਂਟਿਕ ਸਿਟੀ (Atlantic City) ਸੈਟੇਲਾਈਟ ਆਫ਼ਿਸ:**
26 S. Pennsylvania Avenue, 3rd Floor
Atlantic City, NJ 08401
**(609) 441-3100 (Phone)**
(609) 441-3578 (Fax)
(609) 441-7648 (TTY)

**ਕੈਮਡੇਨ (Camden) ਰਿਜੀਨਲ ਆਫ਼ਿਸ:**
One Port Center
2 Riverside Drive, Suite 402, 4th Floor
Camden, NJ 08103
**(856) 614-2550 (Phone)**
(856) 614-2568 (Fax)
(856) 614-2574 (TTY)

**ਨੂਅਰਕ (Newark) ਰਿਜੀਨਲ ਆਫ਼ਿਸ:**
31 Clinton Street, 3rd Floor / P.O. Box 46001
Newark, NJ 07102
**(973) 648-2700 (Phone)**
(973) 648-4405 (Fax)
(973) 648-4678 (TTY)

**ਪੈਟੇਸਨ (Paterson) ਰਿਜੀਨਲ ਆਫ਼ਿਸ:**
100 Hamilton Plaza, 8th Floor
Paterson, NJ 07501
**(973) 977-4500 (Phone)**
(973) 977-4511 (Fax)
(973) 977-1955 (TTY)

**ਟਰੈਂਟਨ (Trenton) ਰਿਜੀਨਲ ਆਫ਼ਿਸ:**
140 East Front Street, 6th Floor / P.O. Box 090
Trenton, NJ 08625-0090
**(609) 292-4605 (Phone)**
(609) 984-3812 (Fax)
(609) 292-1785 (TTY)

**www.NJCivilRights.org**

ਸ਼ਿਕਾਇਤ ਦਰਜ ਕਰਨ ਲਈ ਆਪ ਸਿੱਖ ਕੋਲਿਸ਼ਨ **(Sikh Coalition)** ਦੇ ਆਫ਼ਿਸ 'ਚ ਪਧਾਰੋ ਜਾਂ ਸੰਪਰਕ ਕਰੋ:
396 Broadway, Suite 701
New York, New York 10013
**(212) 655-3095 (Phone)**
legal@sikhcoalition.org (Email)
**www.sikhcoalition.org**

Jon S. Corzine
Governor

Zulima V. Farber
Attorney General

J. Frank Vespa-Papaleo
Director, Division on Civil Rights